a2zpapers.com

**Exam. Code : 107402**
**Subject Code : 1842**

# B.Sc. (Bio Technology) 2nd Semester
# PUNJABI COMPULSORY
## Paper—BT–6(i)

Time Allowed—Three Hours] [Maximum Marks—50

**ਨੋਟ :—** ਪ੍ਰਸ਼ਨ ਪੱਤਰ ਦੇ **ਚਾਰ** ਭਾਗ ਹਨ। ਹਰ ਭਾਗ ਵਿਚੋਂ ਦੋ ਪ੍ਰਸ਼ਨ ਪੁੱਛੇ ਗਏ ਹਨ। ਵਿਦਿਆਰਥੀ ਨੇ ਕੁੱਲ **ਪੰਜ** ਪ੍ਰਸ਼ਨ ਕਰਨੇ ਹਨ। ਹਰ ਭਾਗ ਵਿਚੋਂ **ਇਕ** ਪ੍ਰਸ਼ਨ ਲਾਜ਼ਮੀ ਹੈ। **ਪੰਜਵਾਂ** ਪ੍ਰਸ਼ਨ ਕਿਸੇ ਵੀ ਭਾਗ ਵਿਚੋਂ ਕੀਤਾ ਜਾ ਸਕਦਾ ਹੈ। ਹਰੇਕ ਪ੍ਰਸ਼ਨ ਦੇ ਬਰਾਬਰ ਅੰਕ ਹਨ।

### ਭਾਗ–ੳ

1. 'ਸਾਂਝੀ ਕੰਧ' ਕਹਾਣੀ ਦਾ ਵਿਸ਼ਾ-ਵਸਤੂ ਲਿਖੋ। 10
2. 'ਘੋਟਣਾ' ਕਹਾਣੀ ਵਿਚ ਆਏ ਪਾਤਰਾਂ ਦਾ ਪਾਤਰ-ਚਿਤਰਨ ਕਰੋ। 10

### ਭਾਗ–ਅ

1. 'ਨਾਭਾ ਮੋਰਚਾ' ਲੇਖ ਦਾ ਸਾਰ ਲਿਖੋ। 10
2. 'ਅਫ਼ਗਾਨਿਸਤਾਨ ਦੇ ਲੋਕ' ਲੇਖ ਦੀ ਲਿਖਣ ਸ਼ੈਲੀ ਉੱਪਰ ਨੋਟ ਲਿਖੋ। 10

### ਭਾਗ–ੲ

1. ਸ਼ਬਦ ਬਣਤਰ ਵਿਚ ਕਾਰਜਸ਼ੀਲ ਮੂਲ ਸੰਕਲਪਾਂ ਬਾਰੇ ਨੋਟ ਲਿਖੋ। 10
2. 'ਸ਼ਬਦ ਸ਼੍ਰੇਣੀਆਂ' ਬਾਰੇ ਉਦਾਹਰਣਾਂ ਸਹਿਤ ਨੋਟ ਲਿਖੋ। 10



www.a2zpapers.com www.a2zpapers.com
ad free old Question papers gndu, ptu hp board, punjab

a2zpapers.com

## ਭਾਗ–ਸ

1. ਹੇਠ ਲਿਖੇ ਪੈਰ੍ਹੇ ਦੀ ਇਕ-ਤਿਹਾਈ ਸ਼ਬਦਾਂ ਵਿਚ ਸੰਖੇਪ ਰਚਨਾ ਕਰੋ ਤੇ ਢੁੱਕਵਾਂ ਸਿਰਲੇਖ ਵੀ ਦਿਓ :

ਇਸਤਰੀ ਲਈ ਦੇਵੀ ਦਾ ਆਦਰਸ਼ ਬੜਾ ਖੋਟਾ ਹੈ। ਦੇਵੀਆਂ ਅਸਮਾਨ ਉੱਤੇ ਪਈਆਂ ਹੋਣ, ਪਰ ਧਰਤੀ ਉੱਤੇ ਇਸਤਰੀ ਦੀ ਹੀ ਥਾਂ ਹੈ। ਮਾਪਿਆਂ ਨੂੰ ਚਾਹੀਦਾ ਹੈ ਕਿ ਜ਼ਿੰਦਗੀ ਦੀਆਂ ਕੀਮਤਾਂ ਵਿਚ ਕੋਈ ਬਦਲੀ ਲਿਆਉਣ। ਧੀਆਂ ਨੂੰ ਪੁੱਤਰਾਂ ਵਾਂਗ ਪਾਲਣ, ਉਨ੍ਹਾਂ ਨੂੰ ਚਾਲ-ਚਲਣ ਬਣਾਉਣ ਦੀ ਖੁੱਲ੍ਹ ਦੇਣ, ਖ਼ੁਦਮੁਖਤਾਰੀ ਸਿਖਾਉਣ ਤੇ ਉਨ੍ਹਾਂ ਲਈ ਵੱਖਰਾ ਇਖਲਾਕੀ ਮਿਆਰ ਰੱਖਣਾ ਛੱਡ ਦੇਣ। ਕਦੇ ਵੀ ਕਿਸੇ ਥਾਂ ਦੋ ਮਿਆਰ ਪ੍ਰਚੱਲਤ ਨਹੀਂ ਕੀਤੇ ਜਾ ਸਕਦੇ। ਕਿਸੇ ਮੁਲਕ ਦੇ ਮਰਦਾਂ ਨਾਲੋਂ ਉਸ ਮੁਲਕ ਦੀਆਂ ਇਸਤਰੀਆਂ ਵਧੇਰੇ ਪਵਿੱਤਰ ਨਹੀਂ ਰੱਖੀਆਂ ਜਾ ਸਕਦੀਆਂ। ਆਦਮੀਆਂ ਦੀਆਂ ਅਪਵਿੱਤਰ ਰੁਚੀਆਂ ਇਸਤਰੀਆਂ ਨੂੰ ਆਪਣੇ ਨਾਲ ਹੀ ਰਲਾ ਲੈਂਦੀਆਂ ਹਨ। ਇਸੇ ਤਰ੍ਹਾਂ ਹੀ ਇਸਤਰੀਆਂ ਦੀਆਂ। ਇਹ ਭੁਲੇਖਾ ਹੈ ਕਿ ਕਿਸੇ ਮੁਲਕ ਦੀਆਂ ਇਸਤਰੀਆਂ ਉੱਥੋਂ ਦੇ ਮਰਦਾਂ ਨਾਲੋਂ ਚੰਗੀਆਂ ਹੋ ਸਕਦੀਆਂ ਹਨ। ਮਾਪੇ ਦਲੇਰ ਹੋ ਕੇ ਪੁੱਤਰ-ਧੀਆਂ ਲਈ ਇੱਕੋ ਇਖ਼ਲਾਕੀ ਮਿਆਰ ਪ੍ਰਵਾਨ ਕਰ ਲੈਣ। ਜੇ ਉਹ ਮੁੰਡਿਆਂ ਦੀਆਂ ਕਮਜ਼ੋਰੀਆਂ ਤੋਂ ਏਨੇ ਚਿੰਤਾਤਰ ਨਹੀਂ ਹੁੰਦੇ, ਤਾਂ ਕੁੜੀਆਂ ਸੰਬੰਧੀ ਵੀ ਐਡੇ ਚਿੰਤਾਤੁਰ ਹੋਣ ਦੀ ਲੋੜ ਨਹੀਂ। ਖ਼ੁਦ-ਮੁਖਤਾਰੀ ਮਜ਼ਬੂਤੀ ਪੈਦਾ ਕਰ ਸਕਦੀ ਹੈ। ਕੁੜੀਆਂ ਨੂੰ ਦਫ਼ਤਰਾਂ, ਰੇਲਾਂ, ਖੇਡਾਂ, ਫੌਜਾਂ, ਜਹਾਜ਼ਾਂ ਸਭ ਥਾਂਈ ਕੰਮ ਕਰਨ ਦੀ ਖੁੱਲ੍ਹ ਹੋਵੇ। ਜੇਕਰ ਅਸੀਂ ਆਪਣੇ ਮੁੰਡਿਆਂ ਨੂੰ ਫੌਜ ਵਿਚ ਜਾਂ ਕਿਸੇ ਹੋਰ ਥਾਂ ਭੇਜ ਕੇ ਕੋਈ ਖ਼ਾਸ ਚਿੰਤਾ ਉਨ੍ਹਾਂ ਦੇ ਚਾਲ-ਚਲਣ ਬਾਰੇ ਨਹੀਂ ਕਰਦੇ, ਉਸੇ ਤਰ੍ਹਾਂ ਸਾਨੂੰ ਕੁੜੀਆਂ ਬਾਰੇ ਵੀ ਨਿਸਚਿੰਤ ਹੋ ਸਕਣਾ ਚਾਹੀਦਾ ਹੈ। ਸਾਡੀ ਚਿੰਤਾ ਤੇ ਰਾਖੀ ਉਨ੍ਹਾਂ ਵਿਚ ਲੋੜੀਂਦੀ ਮਜ਼ਬੂਤੀ ਪੈਦਾ ਨਹੀਂ ਹੋਣ ਦਿੰਦੀ। ਸਾਡੀ ਚਿੰਤਾ ਨੇ ਹੀ ਸਾਡੀਆਂ ਇਸਤਰੀਆਂ ਨੂੰ ਪੁਤਲੀਆਂ ਬਣਾ ਦਿੱਤਾ ਹੈ। 10



www.a2zpapers.com www.a2zpapers.com
ad free old Question papers gndu, ptu hp board, punjab

a2zpapers.com

2. ਹੇਠ ਲਿਖੇ ਅਖਾਣ ਅਤੇ ਮੁਹਾਵਰਿਆਂ ਵਿਚੋਂ **ਪੰਜ-ਪੰਜ** ਦੇ ਅਰਥ ਸਪਸ਼ਟ ਕਰਕੇ ਵਾਕਾਂ ਵਿਚ ਵਰਤੋ :

(1) ਉਂਗਲਾਂ ਤੇ ਨਚਾਉਣਾ, ਉਪਰਲੀ ਹਵਾ 'ਚ ਰਹਿਣਾ, ਆਪਣੇ ਪੈਰੀਂ ਆਪ ਕੁਹਾੜਾ ਮਾਰਨਾ, ਇੱਟ ਕੁੱਤੇ ਦਾ ਵੈਰ ਹੋਣਾ, ਹੱਥ ਤੇ ਹੱਥ ਧਰਕੇ ਬਹਿਣਾ, ਹੱਥ ਪੀਲੇ ਕਰਨਾ, ਗਲ ਪਿਆ ਢੋਲ ਵਜਾਉਣਾ, ਚਾਰ ਚੰਨ ਲਾਉਣੇ। 5

(2) ਉੱਖਲੀ ਵਿਚ ਸਿਰ ਦਿੱਤਾ ਤਾਂ ਮੋਹਲਿਆਂ ਦਾ ਕੀ ਡਰ, ਉੱਚਾ ਲੰਮਾ ਗੱਭਰੂ ਪੱਲੇ ਠੀਕਰੀਆਂ, ਉੱਦਮ ਅੱਗੇ ਲੱਸ਼ਮੀ ਪੱਖੇ ਅੱਗੇ ਪੌਣ, ਅੰਦਰ ਹੋਵੇ ਸੱਚ ਤਾਂ ਕੋਠੇ ਚੜ੍ਹ ਕੇ ਨੱਚ, ਇੱਕ ਚੁੱਪ ਸੌ ਸੁੱਖ, ਸੰਗ ਤਾਰੇ ਕੁਸੰਗ ਡੋਬੇ, ਸੋਈ ਰਾਣੀ ਜੋ ਖਸਮੇ ਭਾਣੀ, ਹੰਕਾਰਿਆਂ ਸੋ ਮਾਰਿਆ। 5



www.a2zpapers.com www.a2zpapers.com
oad free old Question papers gndu, ptu hp board, punjab